# ਭਾਈਚਾਰਕ ਭਾਸ਼ਾਵਾਂ ਵਿੱਚ ਹੈਲਪਲਾਈਨਾਂ - ਪੰਜਾਬੀ

## ਤਤਕਾਲ ਸਹਾਇਤਾ ਲਈ ਫ਼ੋਨ ਨੰਬਰ

| ਹਾਲਾਤ | ਸੰਪਰਕ ਕਰੋ | ਫ਼ੋਨ |
|---|---|---|
| ਜੇਕਰ ਤੁਸੀਂ ਬੇਘਰ ਹੋ ਜਾਂ ਰਹਿਣ ਲਈ ਤੁਹਾਨੂੰ ਕਿਸੇ ਅਸਥਾਈ ਜਗ੍ਹਾ ਦੀ ਲੋੜ ਹੈ | Link2Home<br>24 ਘੰਟੇ, 7 ਦਿਨ | 1800 152 152 |
| ਘਰੇਲੂ ਅਤੇ ਪਰਿਵਾਰਕ ਹਿੰਸਾ | NSW Domestic Violence Line<br>(ਨਿਊ ਸਾਊਥ ਵੇਲਜ਼ ਘਰੇਲੂ ਹਿੰਸਾ ਲਾਈਨ)<br>24 ਘੰਟੇ, 7 ਦਿਨ | 1800 656 463 |
| ਬਾਲ ਦੁਰਵਿਹਾਰ ਜਾਂ ਉਨ੍ਹਾਂ ਨਾਲ ਵਰਤੀ ਗਈ ਅਣਗਹਿਲੀ ਦੀ ਰਿਪੋਰਟ ਕਰੋ | Child Protection Helpline<br>(ਬਾਲ ਸੁਰੱਖਿਆ ਹੈਲਪਲਾਇਨ)<br>24 ਘੰਟੇ, 7 ਦਿਨ | 13 21 11 |
| ਐਮਰਜੈਂਸੀ (ਆਪਾਤਕਾਲ) | ਨਿਉ ਸਾਊਥ ਵੇਲਜ਼ ਪੁਲਿਸ, ਐਂਬੂਲੈਂਸ (ਰੋਗੀ ਵਾਹਨ) ਅਤੇ ਫਾਇਰ ਬ੍ਰਿਗੇਡ (ਅੱਗ-ਬੁਝਾਊ ਸੇਵਾ)<br>24 ਘੰਟੇ, 7 ਦਿਨ | 000 |
| ਕੀ ਤੁਹਾਨੂੰ ਕਾਨੂੰਨੀ ਸਹਾਇਤਾ ਦੀ ਲੋੜ ਹੈ? | LawAccess<br>(ਲਾੱ-ਐਕਸੈਸ)<br>ਸੋਮ-ਸ਼ੁੱਕਰ ਸਵੇਰੇ 9 ਵਜੇ-ਸ਼ਾਮ 5 ਵਜੇ | 1300 888 529 |
| 5-25 ਸਾਲ ਦੀ ਉਮਰ ਦੇ ਬੱਚਿਆਂ ਅਤੇ ਬਾਲਗਾਂ ਲਈ ਇੱਕ ਮੁਫਤ ਫ਼ੋਨ ਸਲਾਹਕਾਰ ਸੇਵਾ | Kids Helpline<br>(ਬੱਚਿਆਂ ਦੀ ਹੈਲਪਲਾਇਨ)<br>24 ਘੰਟੇ, 7 ਦਿਨ | 1800 551 800 |
| ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਸਹਾਇਤਾ ਲਈ 'ਐਂਟੀ-ਡਿਸਕਰੀਮੀਨੇਸ਼ਨ ਨਿਊ ਸਾਊਥ ਵੇਲਜ਼' ਨਾਲ ਸੰਪਰਕ ਕਰੋ। ਇਹ ਸੇਵਾ ਮੁਫਤ ਹੈ | ਐਂਟੀ-ਡਿਸਕਰੀਮੀਨੇਸ਼ਨ ਨਿਊ ਸਾਊਥ ਵੇਲਜ਼<br>ਸੋਮ-ਸ਼ੁੱਕਰ ਸਵੇਰੇ 9 ਵਜੇ - ਸ਼ਾਮ 4 ਵਜੇ | 1800 670 812 |
| ਬਜ਼ੁਰਗ ਜਾਂ ਅਪਾਹਜ ਵਿਅਕਤੀ ਜਿਸਦੇ ਨਾਲ ਦੁਰਵਿਵਹਾਰ ਕੀਤੇ ਜਾਣ ਦਾ ਖਤਰਾ ਹੈ | ਨਿਊ ਸਾਊਥ ਵੇਲਜ਼ ਵਿਰਧਾਵਸਥਾ ਅਤੇ ਦੁਰਵਿਵਹਾਰ ਹੈਲਪਲਾਈਨ<br>ਸੋਮ-ਸ਼ੁੱਕਰ ਸਵੇਰੇ 8.30am-5pm | 1800 628 221 |

| | | |
|---|---|---|
| ਗੁਆਂਢੀਆਂ, ਪਰਿਵਾਰ ਵਾਲਿਆਂ, ਕਾਰੋਬਾਰਾਂ, ਭਾਈਚਾਰਿਆਂ ਅਤੇ ਸੰਗਠਨਾਂ ਵਿਚਕਾਰ ਆਪਸੀ ਝਗੜਿਆਂ ਦੇ ਨਿਪਟਾਰੇ ਵਿੱਚ ਮਦਦ ਕਰਨ ਲਈ ਇੱਕ ਮੁਫ਼ਤ ਸੇਵਾ। ਇਹ ਪੈਸੇ ਸੰਬੰਧੀ ਵਿਵਾਦਾਂ ਵਿੱਚ ਵੀ ਮਦਦ ਕਰ ਸਕਦੀ ਹੈ। | Community Justice Centre (ਸਮੁਦਾਇਕ ਨਿਆਇਕ ਕੇਂਦਰ)<br>ਸੋਮ-ਸ਼ੁੱਕਰ ਸਵੇਰੇ 9 ਵਜੇ - ਸ਼ਾਮ 4.30 ਵਜੇ | 1800 990 777 |
| ਜੇਕਰ ਤੁਸੀਂ ਕਿਸੇ ਕੁਦਰਤੀ ਆਫ਼ਤ ਤੋਂ ਪ੍ਰਭਾਵਿਤ ਹੋ, ਤਾਂ ਤੁਸੀਂ ਸਹਾਇਤਾ ਲਈ ਯੋਗ ਹੋ ਸਕਦੇ ਹੋ। | ਆਪਦਾ ਕਲਿਆਣ ਸਹਾਇਤਾ ਲਾਈਨ | 1800 018 444 |
| ਅਪਰਾਧ ਦੇ ਪੀੜਤਾਂ ਲਈ ਸਹਾਇਤਾ। | ਨਿਊ ਸਾਊਥ ਵੇਲਜ਼ ਪੀੜਤਾਂ ਦੀ ਸਹਾਇਤਾ ਲਾਈਨ (NSW Victims Access Line) | 1800 633 063 |
| | ਮੂਲ ਨਿਵਾਸੀ (ਐਬਓਰੀਜਿਨਲ) ਸੰਪਰਕ ਲਾਈਨ<br>ਸੋਮ-ਸ਼ੁੱਕਰ ਸਵੇਰੇ 9 ਵਜੇ - ਸ਼ਾਮ 5 ਵਜੇ | 1800 019 123 |
| ਜੇਕਰ ਤੁਹਾਨੂੰ ਚਿੰਤਾ ਹੈ ਕਿ ਤੁਹਾਡੇ ਕਿਸੇ ਜਾਣਕਾਰ ਉੱਤੇ ਹਿੰਸਕ ਕੱਟੜਪੰਥ ਵਿੱਚ ਸ਼ਾਮਲ ਹੋਣ ਦਾ ਖਤਰਾ ਮੰਡਰਾ ਰਿਹਾ ਹੈ, ਤਾਂ ਇਸ ਗੁਪਤ ਸਹਾਇਤਾ ਸੇਵਾ ਨਾਲ ਸੰਪਰਕ ਕਰੋ। | Step Together<br>ਸੋਮ-ਸ਼ੁੱਕਰ ਸਵੇਰੇ 9 ਵਜੇ - ਸ਼ਾਮ 5 ਵਜੇ | 1800 875 204 |

## ਦੁਭਾਸ਼ੀਆ ਸੇਵਾਵਾਂ

*ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਹੇਠਾਂ ਸੂਚੀਬੱਧ ਦੁਭਾਸ਼ੀਆ ਏਜੰਸੀਆਂ ਨੂੰ ਫ਼ੋਨ ਕਰੋ।*

### ਰਿਹਾਇਸ਼ ਸੰਬੰਧੀ ਮਾਮਲਿਆਂ ਲਈ ਦੁਭਾਸ਼ੀਏ

All Graduates Translating and Interpreting Service ਨੂੰ ਸੰਪਰਕ ਕਰੋ:1300 652 488
ਸਾਰੇ ਰਿਹਾਇਸ਼ੀ ਮਾਮਲਿਆਂ ਬਾਰੇ ਮੁਫ਼ਤ ਵਿੱਚ ਦੁਭਾਸ਼ੀਏ ਨਾਲ ਗੱਲ ਕਰਨ ਲਈ। All Graduates (ਆੱਲ ਗ੍ਰੈਜੁਏਟਸ) ਹਾਊਸਿੰਗ ਪ੍ਰਦਾਤਾ ਨੂੰ ਫ਼ੋਨ ਕਰਨਗੇ ਅਤੇ ਤੁਹਾਡੇ ਲਈ ਅਨੁਵਾਦ ਕਰਨਗੇ।

### ਡਿਪਾਰਟਮੇਂਟ ਆਫ਼ ਕਮਿਊਨਟੀਜ਼ ਐਂਡ ਜਸਟਿਸ (DCJ) ਦੁਭਾਸ਼ੀਏ

ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS National) ਨਾਲ ਸੰਪਰਕ ਕਰੋ: 131 450
ਮੁਫ਼ਤ ਦੁਭਾਸ਼ੀਏ ਲਈ ਫ਼ੋਨ ਕਰੋ ਅਤੇ ਉਨ੍ਹਾਂ ਨੂੰ ਉਹ ਫ਼ੋਨ ਨੰਬਰ ਪ੍ਰਦਾਨ ਕਰੋ ਜਿੱਥੇ ਤੁਸੀਂ ਗੱਲ ਕਰਨੀ ਚਾਹੁੰਦੇ ਹੋ।

- DCJ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਇੰਟਰਵਿਊ (ਸਵਾਲ-ਜਵਾਬ) ਕਰਦੇ ਸਮੇਂ ਅਤੇ ਗੁੰਝਲਦਾਰ ਮਾਮਲਿਆਂ ਜਾਂ ਸੰਵੇਦਨਸ਼ੀਲ ਮੁੱਦਿਆਂ ਬਾਰੇ ਗੱਲਬਾਤ ਕਰਨ ਵੇਲੇ ਇੱਕ ਯੋਗਤਾ ਪ੍ਰਾਪਤ ਦੁਭਾਸ਼ੀਆ ਪ੍ਰਦਾਨ ਕਰਨ।
- ਜ਼ਿਆਦਾਤਰ ਮਾਮਲਿਆਂ ਵਿੱਚ, ਪਰਿਵਾਰ ਅਤੇ ਦੋਸਤ, ਦੁਭਾਸ਼ੀਏ ਦੀ ਭੂਮਿਕਾ ਨਹੀਂ ਨਿਭਾ ਸਕਦੇ ਹਨ ਪਰ ਉਹ ਸਹਾਇਤਾ ਪ੍ਰਦਾਨ ਕਰਨ ਲਈ ਇੰਟਰਵਿਊ ਜਾਂ ਮੀਟਿੰਗ ਦੌਰਾਨ ਤੁਹਾਡੇ ਨਾਲ ਮੌਜੂਦ ਰਹਿ ਸਕਦੇ ਹਨ।
- ਪਰਿਵਾਰ ਅਤੇ ਦੋਸਤ ਸਿਰਫ਼ ਅਜਿਹੇ ਹਾਲਾਤਾਂ ਵਿੱਚ ਦੁਭਾਸ਼ੀਏ ਵਜੋਂ ਕੰਮ ਕਰ ਸਕਦੇ ਹਨ ਜੇਕਰ DCJ ਨੂੰ ਕੋਈ ਯੋਗਤਾ ਪ੍ਰਾਪਤ ਟੈਲੀਫ਼ੋਨ ਜਾਂ ਆੱਨਸਾਈਟ ਦੁਭਾਸ਼ੀਆ ਨਹੀਂ ਮਿਲ ਪਾਉਂਦਾ ਹੈ।